ਦਫਤਰ ਜ਼ਿਲ੍ਹਾ ਸਿੱਖਿਆ ਅਫਸਰ(ਸੈ:ਸਿ), ਬਠਿੰਡਾ।

ਵੱਲ

ਸਬੰਧਤ ਪ੍ਰਿੰਸੀਪਲ/ਹੈੱਡ ਮਾਸਟਰ,
ਜ਼ਿਲ੍ਹਾ ਬਠਿੰਡਾ।

ਪੱਤਰ ਨੰ: ਜੀ-5/1()/2025/ਵਜੀਫਾ/87 ਮਿਤੀ: 02-05-2025

ਵਿਸ਼ਾ- ਪ੍ਰੀ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ 2022-23, 2023-24 ਅਤੇ 2024-25 ਦੇ ਵਿਦਿਆਰਥੀਆਂ ਦੀ ਆਧਾਰ ਸੀਡਿੰਗ ਪੈਡਿੰਗ ਹੋਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪ੍ਰੀ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ 2022-23, 2023-24 ਅਤੇ 2024-25 ਦੇ ਵਿਦਿਆਰਥੀਆਂ ਦੀ ਆਧਾਰ ਸੀਡਿੰਗ ਪੈਡਿੰਗ ਹੋਣ ਕਾਰਨ ਵਿਦਿਆਰਥੀਆਂ ਦੇ ਖਾਤਿਆਂ ਵਿੱਚ ਰਾਸ਼ੀ ਟ੍ਰਾਂਸਫਰ ਨਹੀਂ ਹੋ ਰਹੀ।ਇਸ ਬਾਰੇ ਪਹਿਲਾਂ ਵੀ ਆਪ ਨੂੰ ਵੱਖ-ਵੱਖ ਪੱਤਰਾਂ ਅਤੇ ਇਸ ਦਫਤਰ ਵੱਲੋਂ ਬਣਾਏ ਗਏ ਵਟਸਅਪ ਗਰੁੱਪ ਵਿੱਚ ਵਾਰ - ਵਾਰ ਲਿਖਿਆ ਗਿਆ ਹੈ ਪ੍ਰੰਤੂ ਬਹੁਤ ਹੀ ਖੇਦ ਦੀ ਗੱਲ ਹੈ ਕਿ ਹਲੇ ਤੱਕ ਨਾਲ ਨੱਥੀ ਲਿਸਟ ਵਿੱਚ ਦਰਜ ਵਿਦਿਆਰਥੀਆਂ ਦੀ ਆਧਾਰ ਸੀਡਿੰਗ ਪੈਡਿੰਗ ਹੈ।ਸੋ ਆਪ ਨੂੰ ਦੁਬਾਰਾ ਇੱਕ ਵਾਰ ਫਿਰ ਮੌਕਾ ਦਿੱਤਾ ਜਾਂਦਾ ਹੈ ਕਿ ਸਬੰਧਤ ਵਿਦਿਆਰਥੀਆਂ ਦੇ ਖਾਤੇ India Post Payment Bank ਵਿੱਚ ਖੁਲਵਾ ਲਏ ਜਾਣ ਤਾਂ ਜੋ ਕੋਈ ਵੀ ਯੋਗ ਵਿਦਿਆਰਥੀ ਵਜੀਫੇ ਦੀ ਰਾਸ਼ੀ ਤੋਂ ਵਾਂਝਾ ਨਾ ਰਹਿ ਸਕੇ।ਉਪਰੋਕਤ ਸੈਸ਼ਨ ਦੇ ਵਿਦਿਆਰਥੀਆਂ ਦੀਆਂ ਐਕਸਲ ਸ਼ੀਟਾ ਆਪ ਨੂੰ ਲੋੜੀਂਦੀ ਕਾਰਵਾਈ ਲਈ ਦੁਬਾਰ ਫਿਰ ਤੋਂ ਭੇਜੀਆਂ ਜਾਂਦੀਆਂ ਹਨ।ਜੇਕਰ ਕਿਸੇ ਯੋਗ ਵਿਦਿਆਰਥੀ ਦਾ ਵਜੀਫਾ ਆਧਾਰ ਸੀਡਿੰਗ ਕਾਰਨ ਪੈਡਿੰਗ ਰਹਿ ਜਾਂਦਾ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

2/5/25
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ।
2/5/25

Scanned with OKEN Scanner